## - ਭੂਗੋਲ -

## ਜਮਾਤ- ਨੌਵੀਂ

## ਪਾਠ-1(ੳ):- ਭਾਰਤ ਅਕਾਰ ਅਤੇ ਸਥਿਤੀ

**ਪ੍ਰ01:- ਸੰਸਾਰ ਦੇ ਕੁੱਲ ਖੇਤਰਫਲ ਦਾ ਕਿੰਨੇ ਪ੍ਰਤੀਸ਼ਤ ਭਾਗ ਭਾਰਤ ਦੇ ਹਿੱਸੇ ਆਉਂਦਾ ਹੈ?**

**ਉੱਤਰ:-** 2.2 ਪ੍ਰਤੀਸ਼ਤ।

**ਪ੍ਰ02:- ਖੇਤਰਫਲ ਪੱਖੋ ਸੰਸਾਰ ਦਾ ਸਭ ਤੋਂ ਵੱਡਾ ਦੇਸ਼ ਕਿਹੜਾ ਹੈ?**

**ਉੱਤਰ:-** ਰੂਸ

**ਪ੍ਰ03:- ਗਲੋਬ ਤੇ ਭਾਰਤ ਦੇ ਵਿਥਕਾਰਾਂ ਦੀ ਸਥਿਤੀ ਲਿਖੋ?**

**ਉੱਤਰ:-** ਉਤੱਰੀ ਗੋਲਅਰਧ ਵਿੱਚ $8^0.4''$ ਅਕਸ਼ਾਂਸ਼ ਤੋਂ ਲੈ ਕੇ $37^0.6''$ ਅਕਸ਼ਾਂਸ ਤੱਕ।

**ਪ੍ਰ04:- ਭਾਰਤ ਦੀ ਪ੍ਰਮਾਣਿਕ ਸਮੇਂ ਦੀ ਦੇਸ਼ਾਤਰ ਰੇਖਾ ਕਿਹੜੀ ਮੰਨੀ ਗਈ ਹੈ?**

**ਉੱਤਰ:-** $82^0.30$ ਪੂਰਬ

**ਪ੍ਰ05:- ਭਾਰਤ ਦੀ ਥਲ ਸੀਮਾ ਦੀ ਲੰਬਾਈ ਕਿੰਨੀ ਹੈ?**

**ਉੱਤਰ:-** 15200 ਕਿਲੋਮੀਟਰ

**ਪ੍ਰ06:- ਭਾਰਤ ਦੀ ਤਟ ਰੇਖਾ ਦੀ ਲੰਬਾਈ ਕਿੰਨੀ ਹੈ?**

**ਉੱਤਰ:-** 7516 ਕਿਲੋਮੀਟਰ।

**ਪ੍ਰ07:- ਸਾਰਕ ਕਿੰਨੇ ਦੇਸ਼ਾਂ ਦਾ ਸੰਘ ਹੈ?**

**ਉੱਤਰ:-** ਅੱਠ ਦੇਸ਼ਾਂ ਦਾ।

**ਪ੍ਰ08:- ਪੰਜਾਬ ਦਾ ਖੇਤਰਫਲ ਕਿੰਨਾ ਹੈ?**

**ਉੱਤਰ:-** 50362 ਵਰਗ ਕਿਲੋਮੀਟਰ

## - ਭੂਗੋਲ -

## ਜਮਾਤ- ਨੌਵੀਂ

## ਪਾਠ-2(ੳ):- ਭਾਰਤ ਧਰਾਤਲ, ਭੂ-ਅਕ੍ਰਿਤੀਆਂ

**ਪ੍ਰ01:- ਗਿਆਨ ਦੀ ਉਹ ਸ਼ਾਖਾ ਜਿਸ ਵਿੱਚ ਭੂ-ਅਕ੍ਰਿਤੀਆਂ ਦਾ ਨਿਰਮਾਣ ਅਤੇ ਉਹਨਾਂ ਦੇ ਨਿਰਮਾਣ ਲਈ ਜਿੰਮੇਵਾਰ ਕਾਰਕਾਂ ਦਾ ਅਧਿਐਨ ਕੀਤਾ ਜਾਂਦਾ ਹੈ, ਨੂੰ ਕੀ ਕਹਿੰਦੇ ਹਨ?**

**ਉੱਤਰ:-** ਭੂ-ਆਕ੍ਰਿਤੀ ਵਿਗਿਆਨ।

**ਪ੍ਰ02:- ਭਾਰਤ ਦਾ ਮੈਦਾਨੀ ਭਾਗ ਕਿੰਨੇ ਪ੍ਰਤੀਸ਼ਤ ਹੈ?**

**ਉੱਤਰ:-** 43 ਪ੍ਰਤੀਸ਼ਤ।

**ਪ੍ਰ03:- ਟਰਾਂਸ ਹਿਮਾਲਿਆ ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ?**

**ਉੱਤਰ:-** ਤਿੱਬਤੀ ਹਿਮਾਲਿਆ।

**ਪ੍ਰ04:- ਬੜਾ ਲੈਚਾ ਲਾ ਅਤੇ ਸ਼ਿਪਕਲਾ ਦਰ੍ਹੇ ਕਿਸ ਪ੍ਰਾਂਤ ਵਿੱਚ ਸਥਿਤ ਹਨ?**

**ਉੱਤਰ:-** ਹਿਮਾਚਲ ਪ੍ਰਦੇਸ਼।

**ਪ੍ਰ05:- ਭਾਰਤ ਦੇ ਪੂਰਬ ਵਿੱਚ ਲੱਗਦੇ ਸਾਗਰ ਦਾ ਕੀ ਨਾਂ ਹੈ?**

**ਉੱਤਰ:-** ਬੰਗਾਲ ਦੀ ਖਾੜੀ

**ਪ੍ਰ06:- ਪੰਜਾਬ ਵਿੱਚ ਖਾਦਰ ਦੇ ਮੈਦਾਨਾਂ ਨੂੰ ਕੀ ਕਹਿੰਦੇ ਹਨ?**

**ਉੱਤਰ:-** ਬੇਟ

**ਪ੍ਰ07:- ਪੰਜਾਬ ਅਤੇ ਹਰਿਆਣਾ ਦੇ ਮੈਦਾਨਾਂ ਦਾ ਕੁੱਲ ਖੇਤਰਫਲ ਕਿੰਨਾ ਹੈ?**

**ਉੱਤਰ:-** 1.75 ਲੱਖ ਵਰਗ ਕਿਲੋ ਮੀਟਰ।

**ਪ੍ਰ08:- ਅਰਾਵਲੀ ਪਰਬਤ ਸ਼ੇਣੀ ਦੀ ਸਭ ਤੋਂ ਉੱਚੀ ਚੋਟੀ ਦਾ ਕੀ ਨਾਂ ਹੈ?**

**ਉੱਤਰ:-** ਗੁਰੂ ਸਿਖਰ (1722 ਮੀਟਰ)

**ਪ੍ਰ09:- ਕ੍ਰਿਸ਼ਨਾ ਨਦੀ ਦੇ ਡੈਲਟੇ ਤੋਂ ਲੈਕੇ ਕੰਨਿਆਕੁਮਾਰੀ ਤੱਕ ਦੇ ਪੂਰਬੀ ਮੈਦਾਨਾਂ ਨੂੰ ਕੀ ਕਹਿੰਦੇ ਹਨ?**

**ਉੱਤਰ:-** ਕੋਰੋਮੰਡਲ

## - ਭੂਗੋਲ -

## ਜਮਾਤ- ਨੌਵੀਂ

## ਪਾਠ-2(ਅ):- ਪੰਜਾਬ ਧਰਾਤਲ, ਭੂ-ਅਕ੍ਰਿਤੀਆਂ

**ਪ੍ਰ01:- ਪੰਜਾਬ ਦੇ ਦੱਖਣ ਪੱਛਮ ਵਿੱਚ ਧਰਾਤਲ ਦਾ ਕਿਹੜਾ ਰੂਪ ਪਾਇਆ ਜਾਂਦਾ ਹੈ?**

**ਉੱਤਰ:-** ਮਾਰੂਥਲ

**ਪ੍ਰ02:- ਬਿਆਸ ਅਤੇ ਸਤਲੁਜ ਦਰਿਆਵਾਂ ਵਿੱਚਕਾਰ ਪੈਂਦੇ ਨੀਮ ਪਹਾੜੀ ਇਲਾਕੇ ਨੂੰ ਕਿਹੜੇ ਸ਼ਿਵਾਲਿਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ?**

**ਉੱਤਰ:-** ਹੁਸ਼ਿਆਰਪੁਰ ਸ਼ਿਵਾਲਿਕ।

**ਪ੍ਰ03:- ਪੰਜਾਬ ਦੇ ਸ਼ਿਵਾਲਿਕ ਪਹਾੜਾਂ ਦੇ ਪੱਛਮ ਵੱਲ ਅਤੇ ਰੂਪਨਗਰ ਦੇ ਜ਼ਿਲ੍ਹੇ ਦੇ ਨੂਰਪੁਰ ਬੇਦੀ ਦੇ ਤਹਿਸੀਲ ਦੇ ਪੂਰਬ ਵੱਲ ਕੱਟੇ ਵੱਡੇ ਲਹਿਰਦਾਰ ਮੈਦਾਨਾਂ ਨੂੰ ਸਥਾਨਕ ਭਾਸ਼ਾ ਵਿੱਚ ਕੀ ਕਹਿੰਦੇ ਹਨ?**

**ਉੱਤਰ:-** ਕੰਡੀ ਖੇਤਰ

**ਪ੍ਰ04:- ਅਨੰਦਪੁਰ ਸਾਹਿਬ ਨੇੜੇ ਪੈਂਦੇ ਕੰਡੀ ਖੇਤਰ ਨੂੰ ਕੀ ਕਹਿੰਦੇ ਹਨ?**

**ਉੱਤਰ:-** ਚੰਗਰ।

**ਪ੍ਰ05:- ਪੰਜਾਬ ਦੇ ਦੱਖਣ ਪੂਰਬ ਵਿੱਚ ਘੱਗਰ ਨਦੀ ਦੁਆਰਾ ਨਿਰਮਾਣ ਕੀਤੇ ਗਏ ਜਲੋਢੀ ਮੈਦਾਨਾਂ ਨੂੰ ਸਥਾਨਕ ਭਾਸ਼ਾ ਵਿੱਚ ਕੀ ਕਹਿੰਦੇ ਹਨ?**

**ਉੱਤਰ:-**ਨੈਲੀ

**ਪ੍ਰ06:- ਪੰਜਾਬ ਦੇ ਮੈਦਾਨ ਦੀ ਸਮੁੰਦਰ ਤਲ ਤੋਂ ਉਚਾਈ ਕਿੰਨੀ ਹੈ?**

**ਉੱਤਰ:-** 200 ਤੋਂ 300 ਮੀਟਰ ਤੱਕ

**ਪ੍ਰ07:- ਜਲੋਢੀ ਮੈਦਾਨ ਪੰਜਾਬ ਦੇ ਖੇਤਰਫਲ ਦਾ ਕਿੰਨੇ ਪ੍ਰਤੀਸ਼ਤ ਹਨ?**

**ਉੱਤਰ:-** 70 ਪ੍ਰਤੀਸ਼ਤ।

**ਪ੍ਰ08:- ਸਤਲੁਜ ਅਤੇ ਘੱਗਰ ਦਰਿਆਵਾਂ ਵਿੱਚਕਾਰ ਪਾਏ ਜਾਂਦੇ ਨੀਮ ਪਹਾੜੀ ਖੇਤਰ ਨੂੰ ਕਿਹੜੇ ਸ਼ਿਵਾਲਿਕ ਦਾ ਨਾਂ ਦਿੱਤਾ ਗਿਆ ਹੈ?**

**ਉੱਤਰ:-** ਰੋਪੜ ਸ਼ਿਵਾਲਿਕ

- ਭੂਗੋਲ -

ਜਮਾਤ- ਨੌਵੀਂ

ਪਾਠ-3(ੳ):- ਭਾਰਤ - ਜਲ ਪ੍ਰਵਾਹ

**ਪ੍ਰ01:- ਕਿਸੇ ਇਲਾਕੇ ਵਿੱਚ ਵਹਿਣ ਵਾਲੇ ਦਰਿਆਵਾਂ ਅਤੇ ਨਹਿਰਾਂ ਦੇ ਜਾਲ ਨੂੰ ਕੀ ਕਹਿੰਦੇ ਹਨ?**

**ਉੱਤਰ:-** ਜਲ ਪ੍ਰਵਾਹ

**ਪ੍ਰ02:- ਤਿੱਬਤ ਵਿੱਚ ਸਿੰਧ ਨਦੀ ਨੂੰ ਕੀ ਨਾਂ ਦਿੱਤਾ ਗਿਆ ਹੈ?**

**ਉੱਤਰ:-** ਸਿੰਘੀ ਖੰਬਨ ਜਾਂ ਸ਼ੇਰ ਦਾ ਮੁੱਖ।

**ਪ੍ਰ03:- ਸਿੰਧ ਨਦੀ ਦੀ ਕੁੱਲ ਲੰਬਾਈ ਕਿੰਨੀ ਹੈ?**

**ਉੱਤਰ:-** 2880 ਕਿਲੋਮੀਟਰ

**ਪ੍ਰ04:- ਬਿਆਸ ਅਤੇ ਸਤਲੁਜ ਦਰਿਆ ਕਿਸ ਸਥਾਨ ਤੇ ਇਕੱਠੇ ਹੁੰਦੇ ਹਨ?**

**ਉੱਤਰ:-** ਹਰੀਕੇ।

**ਪ੍ਰ05:- ਗੰਗਾ ਨਦੀ ਦੀ ਉਤਪਤੀ ਕਿੱਥੋਂ ਹੁੰਦੀ ਹੈ?**

**ਉੱਤਰ:-**ਉਤਰਾਖੰਡ ਵਿੱਚ ਗੰਗੋਤਰੀ ਗੌਮੁੱਖ ਹਿੰਮ ਨਦੀ ਤੋਂ।

**ਪ੍ਰ06:- ਬ੍ਰਹਮਪੁੱਤਰ ਨਦੀ ਦਾ ਜਨਮ ਸਥਾਨ ਦੱਸੋ?**

**ਉੱਤਰ:-** ਕੈਲਾਸ਼ ਪਰਬਤ ਲੜੀ ਵਿੱਚ ਆਂਗਸੀ ਹਿੰਮ ਨਦੀ

**ਪ੍ਰ07:- ਦਿਹਾਂਗ, ਲੋਹਿਤ ਅਤੇ ਤੀਸਤਾ ਕਿਸ ਨਦੀ ਦੀਆਂ ਸਹਾਇਕ ਨਦੀਆਂ ਹਨ?**

**ਉੱਤਰ:-** ਬ੍ਰਹਮਪੁੱਤਰ

**ਪ੍ਰ08:- ਭਾਰਤ ਦੇ ਕਿਸ ਦਰਿਆ ਨੂੰ ਬੁਢੀ ਗੰਗਾ ਦਾ ਨਾਂ ਦਿੱਤਾ ਗਿਆ ਹੈ?**

**ਉੱਤਰ:-** ਗੋਦਾਵਰੀ

**ਪ੍ਰ09:- ਕਾਵੇਰੀ ਨਦੀ ਦੀ ਲੰਬਾਈ ਕਿੰਨੀ ਹੈ?**

**ਉੱਤਰ:-** 800 ਕਿਲੋਮੀਟਰ

**ਪ੍ਰ10:- ਨਰਮਦਾ, ਤਾਪਤੀ ਅਤੇ ਸਾਬਰਮਤੀ ਨਦੀਆਂ ਕਿਹੜੀ ਖਾੜੀ ਵਿੱਚ ਜਾਕੇ ਡਿਗਦੀਆਂ ਹਨ?**

**ਉੱਤਰ:-** ਖੰਬਾਤ ਦੀ ਖਾੜੀ

## - ਭੂਗੋਲ -

## ਜਮਾਤ- ਨੌਵੀਂ

## ਪਾਠ-3(ਅ):- ਪੰਜਾਬ- ਜਲਤੰਤਰ ਜਾਂ ਜਲਪ੍ਰਵਾਹ

ਪ੍ਰ01:- ਅਜੋਕੇ ਪੰਜਾਬ ਵਿੱਚ ਕਿੰਨੇ ਦਰਿਆ ਹਨ?

ਉੱਤਰ:- ਦੋ

ਪ੍ਰ02:- ਰਣਜੀਤ ਸਾਗਰ ਡੈਮ, ਥੀਮ ਸਾਗਰ ਡੈਮ ਕਿਸ ਨਦੀ ਤੇ ਬਣਾਏ ਗਏ ਹਨ?

ਉੱਤਰ:- ਰਾਵੀ

ਪ੍ਰ03:- ਉਜ ਨਦੀ ਕਿਸਦੀ ਸਹਾਇਕ ਨਦੀ ਹੈ?

ਉੱਤਰ:- ਰਾਵੀ

ਪ੍ਰ04:- ਪੰਡੋਹ ਅਤੇ ਪੌਂਗ ਡੈਮ ਕਿਸ ਨਦੀ ਤੇ ਉਸਾਰੇ ਗਏ ਹਨ?

ਉੱਤਰ:- ਬਿਆਸ।

ਪ੍ਰ05:- ਕਾਲੀ ਵੇਈ ਕਿਸਦੀ ਸਹਾਇਕ ਨਦੀ ਹੈ?

ਉੱਤਰ:-ਬਿਆਸ ।

ਪ੍ਰ06:- ਭਾਖੜਾ ਗੰਗੂਵਾਲ, ਨਾਥੱਪਾ, ਝਾਖੜੀ, ਨੰਗਲ ਅਤੇ ਕੋਟਲਾ ਡੈਮ ਕਿਸ ਦਰਿਆ ਤੇ ਬਣਾਏ ਗਏ ਹਨ?

ਉੱਤਰ:- ਸਤਲੁਜ

ਪ੍ਰ07:- ਭਾਖੜਾ ਨਹਿਰ ਦੀ ਲੰਬਾਈ ਕਿੰਨੀ ਹੈ?

ਉੱਤਰ:- 161.36 ਕਿਲੋਮੀਟਰ

ਪ੍ਰ08:- ਚਿੱਟੀ ਬੇਈ ਕਿਸਦੀ ਸਹਾਇਕ ਨਦੀ ਹੈ?

ਉੱਤਰ:- ਸਤਲੁਜ

ਪ੍ਰ09:- ਰਾਜਸਥਾਨ ਫੀਡਰ ਨਹਿਰ ਕਿਸ ਸਥਾਨ ਤੋਂ ਕੱਢੀ ਗਈ ਹੈ?

ਉੱਤਰ:- ਹਰੀਕੇ ਤੋਂ।

ਪ੍ਰ10:- ਪੰਜਾਬ ਦੀਆਂ ਨਹਿਰਾਂ ਦੀ ਕੁੱਲ ਲੰਬਾਈ ਕਿੰਨੀ ਹੈ?

ਉੱਤਰ:- 14500 ਕਿਲੋਮੀਟਰ

## - ਭੂਗੋਲ -

## ਜਮਾਤ- ਨੌਵੀਂ

## ਪਾਠ-4:- ਜਲਵਾਯੂ

**ਪ੍ਰ01:- ਕਿਸੇ ਥਾਂ ਦੇ ਵਿਸ਼ੇਸ਼ ਸਮੇਂ ਉੱਤੇ ਥਾਂ ਦੇ ਤਾਪਮਾਨ, ਵਰਖਾ, ਸੂਰਜੀ ਰੋਸ਼ਨੀ, ਵਾਯੂਦਾਬ ਅਤੇ ਪੌਣਾਂ ਦੀ ਹਾਲਤ ਨੂੰ ਕੀ ਕਹਿੰਦੇ ਹਨ?**

**ਉੱਤਰ:-**ਮੌਸਮ

**ਪ੍ਰ02:- ਕਿਸੇ ਸਥਾਨ ਦੇ 30 ਸਾਲਾਂ ਦੇ ਮੌਸਮੀ ਹਾਲਤਾਂ ਦੀ ਔਸਤ ਨੂੰ ਕੀ ਕਹਿੰਦੇ ਹਨ?**

**ਉੱਤਰ:-** ਜਲਵਾਯੂ

**ਪ੍ਰ03:- ਤਾਪਮਾਨ ਮਾਪਣ ਦੀ ਕਿਸੇ ਇੱਕ ਇਕਾਈ ਦਾ ਨਾਂ ਦੱਸੋ?**

**ਉੱਤਰ:-** ਸੈਂਟੀਗ੍ਰੇਡ

**ਪ੍ਰ04:- ਉਚਾਈ ਦੇ ਵਧਣ ਨਾਲ ਤਾਪਮਾਨ ਤੇ ਕੀ ਪ੍ਰਭਾਵ ਪੈਂਦਾ ਹੈ?**

**ਉੱਤਰ:-** ਤਾਪਮਾਨ ਘਟਦਾ ਹੈ।

**ਪ੍ਰ05:- ਸੁਨਾਮੀ ਸ਼ਬਦ ਕਿਹੜੀ ਭਾਸ਼ਾ ਤੋਂ ਲਿਆ ਗਿਆ ਹੈ?**

**ਉੱਤਰ:-**ਜਪਾਨੀ

**ਪ੍ਰ06:- ਭਾਰਤ ਵਿੱਚ ਵਰਖਾ ਰੁੱਤ ਦਾ ਸਮਾਂ ਕਾਲ ਲਿਖੋ?**

**ਉੱਤਰ:-** ਮੱਧ ਜੂਨ ਤੋਂ ਸਤੰਬਰ ਤੱਕ

**ਪ੍ਰ07:- ਭਾਰਤ ਵਿੱਚ 90% ਵਰਖਾ ਕਿਹੜੀਆਂ ਪੌਣਾਂ ਦੁਆਰਾ ਹੁੰਦੀ ਹੈ?**

**ਉੱਤਰ:-** ਗਰਮੀਆਂ ਦੀਆਂ ਮੌਨਸੂਨ ਪੌਣਾਂ ਦੁਆਰਾ।

**ਪ੍ਰ08:- ਮਾਨਸੂਨ ਸ਼ਬਦ ਕਿਹੜੀ ਭਾਸ਼ਾ ਦਾ ਸ਼ਬਦ ਹੈ?**

**ਉੱਤਰ:-** ਅਰਬੀ ਭਾਸ਼ਾ ਦਾ।

## - ਭੂਗੋਲ -

## ਜਮਾਤ- ਨੌਵੀਂ

## ਪਾਠ-5:- ਕੁਦਰਤੀ ਬਨਸਪਤੀ ਅਤੇ ਜੰਗਲੀ ਜੀਵਨ

**ਪ੍ਰ01:- ਜੰਗਲੀ ਸਰਵੇਖਣ ਵਿਭਾਗ ਦਾ ਮੁੱਖ ਦਫਤਰ ਕਿੱਥੇ ਹੈ?**

**ਉੱਤਰ:-**ਦੇਹਰਾਦੂਨ ਵਿਖੇ।

**ਪ੍ਰ02:- ਪ੍ਰਾਣੀ ਜਗਤ ਨੂੰ ਕੀ ਨਾਂ ਦਿੱਤਾ ਜਾਂਦਾ ਹੈ?**

**ਉੱਤਰ:-** ਫੌਨਾ (Fauna)

**ਪ੍ਰ03:- ਐਬੋਨੀ, ਰੋਜ਼ਵੁੱਡ, ਬਾਂਸ ਅਤੇ ਰਬੜ, ਸਿੰਨਕੋਨਾ ਆਦਿ ਕਿਹੜੀ ਬਨਸਪਤੀ ਦੇ ਪੌਦੇ ਹਨ?**

**ਉੱਤਰ:-** ਉਸ਼ਣ ਸਦਾ ਬਹਾਰ ਦੇ।

**ਪ੍ਰ04:- ਟੀਕ, ਸਾਲ, ਦਿਉਦਾਰ, ਖੈਰ ਆਦਿ ਕਿਸ ਬਨਸਪਤੀ ਦੇ ਪੌਦੇ ਹਨ?**

**ਉੱਤਰ:-** ਉਸ਼ਣ ਪੱਤਝੜੀ ਦੇ।

**ਪ੍ਰ05:- ਡੈਲਟਾਈ ਜਾਂ ਤੱਟੀ ਇਲਾਕਿਆਂ ਵਿੱਚ ਮਿਲਣ ਵਾਲੀ ਬਨਸਪਤੀ ਨੂੰ ਕੀ ਕਹਿੰਦੇ ਹਨ?**

**ਉੱਤਰ:-**ਜਵਾਰੀ ਜਾਂ ਮੈਂਗਰੋਵ

**ਪ੍ਰ06:- ਭਾਰਤ ਵਿੱਚ ਥਲ ਤੇ ਰਹਿਣ ਵਾਲਾ ਸੱਭ ਤੋਂ ਵੱਡਾ ਥਣਧਾਰੀ ਜੀਵ ਕਿਹੜਾ ਹੈ?**

**ਉੱਤਰ:- ਹਾਥੀ**

**ਪ੍ਰ07:- ਭਾਰਤ ਦੇ ਕੌਮੀ ਪੰਛੀ ਦਾ ਨਾਂ ਦੱਸੋ?**

**ਉੱਤਰ:-** ਮੋਰ

**ਪ੍ਰ08:- ਏਸ਼ੀਆਈ ਕੋਇਲ ਪ੍ਰਵਾਸੀ ਪੰਛੀ ਕਿਹੜੀ ਰੁੱਤ ਵਿੱਚ ਭਾਰਤ ਆਉਂਦੀ ਹੈ?**

**ਉੱਤਰ:-** ਗਰਮੀ ਦੀ ਰੁੱਤ ਵਿੱਚ।

**ਪ੍ਰ09:- ਜੰਗਲਾਂ ਦੀ ਸਾਂਭ ਸੰਭਾਲ ਅਤੇ ਪ੍ਰਬੰਧ ਲਈ ਕਿਹੜਾ ਵਿਭਾਗ ਸਥਾਪਿਤ ਕੀਤਾ ਗਿਆ ਹੈ?**

**ਉੱਤਰ:-** ਜੰਗਲਾਤ ਵਿਭਾਗ

**ਪ੍ਰ10:- ਸਾਇਬੇਰੀਅਨ ਸਾਰਸ ਪ੍ਰਵਾਸੀ ਪੰਛੀ ਕਿਹੜੀ ਰੁੱਤ ਵਿੱਚ ਭਾਰਤ ਆਉਂਦਾ ਹੈ?**

**ਉੱਤਰ:-** ਸਰਦੀਆਂ ਵਿੱਚ

**ਪ੍ਰ11:- ਸਿੰਨਕੋਨਾ ਪੌਦੇ ਤੋਂ ਕਿਸ ਬਿਮਾਰੀ ਦੇ ਇਲਾਜ ਲਈ ਦਵਾਈ ਬਣਾਈ ਜਾਂਦੀ ਹੈ?**

**ਉੱਤਰ:-** ਮਲੇਰੀਆ

**ਪ੍ਰ12:- ਆਂਵਲੇ ਵਿੱਚ ਕਿਹੜਾ ਵਿਟਾਮਿਨ ਪਾਇਆ ਜਾਂਦਾ ਹੈ ?**

**ਉੱਤਰ:-** ਵਿਟਾਮਿਨ ਸੀ

- ਭੂਗੋਲ -

ਜਮਾਤ- ਨੌਵੀਂ

## ਪਾਠ-6:- ਜਨ ਸੰਖਿਆ ਵਸੋਂ

**ਪ੍ਰ01:-ਧਰਤੀ ਉੱਤੇ ਸਭ ਤੋਂ ਉੱਤਮ ਪ੍ਰਾਣੀ ਕੌਣ ਹੈ?**

**ਉੱਤਰ:-**ਮਨੁੱਖ

**ਪ੍ਰ02:-ਸਰਕਾਰੀ ਤੌਰ ਤੇ ਹਰ 10 ਸਾਲ ਬਾਅਦ ਕੀਤੀ ਜਾਂਦੀ ਅਬਾਦੀ ਦੀ ਗਿਣਤੀ ਨੂੰ ਕੀ ਕਹਿੰਦੇ ਹਨ?**

**ਉੱਤਰ:-** ਜਨਗਣਨਾ ਜਾਂ ਮਰਦਮਸ਼ੁਮਾਰੀ

**ਪ੍ਰ03:-ਭਾਰਤ ਵਿੱਚ ਜਨਗਣਨਾ ਕਦੋਂ ਸ਼ੁਰੂ ਕੀਤੀ ਗਈ?**

**ਉੱਤਰ:-**1872 ਈ. ਵਿੱਚ।

**ਪ੍ਰ04:- ਭਾਰਤ ਦਾ ਸਭ ਤੋਂ ਵੱਧ ਅਬਾਦੀ ਵਾਲਾ ਰਾਜ ਕਿਹੜਾ ਹੈ?**

**ਉੱਤਰ:-** ਉੱਤਰ ਪ੍ਰਦੇਸ਼

**ਪ੍ਰ05:- ਭਾਰਤ ਦਾ ਸਭ ਤੋਂ ਘੱਟ ਜਨਸੰਖਿਆ ਵਾਲਾ ਰਾਜ ਕਿਹੜਾ ਹੈ?**

**ਉੱਤਰ:-**ਅਰੁਨਾਚਲ ਪ੍ਰਦੇਸ਼

**ਪ੍ਰ06:- ਸੰਸਾਰ ਅਬਾਦੀ ਦਿਵਸ ਕਦੋਂ ਮਨਾਇਆ ਜਾਂਦਾ ਹੈ?**

**ਉੱਤਰ:-** 11 ਜੁਲਾਈ ਨੂੰ।

**ਪ੍ਰ07:- ਇਕ ਵਰਗ ਕਿਲੋਮੀਟਰ ਵਿੱਚ ਰਹਿਣ ਵਾਲੇ ਲੋਕਾਂ ਦੀ ਸੰਖਿਆ ਨੂੰ ਕੀ ਕਹਿੰਦੇ ਹਨ?**

**ਉੱਤਰ:-** ਵਸੋਂ ਘਣਤਾ

**ਪ੍ਰ08:- ਇਕ ਸਾਲ ਦੌਰਾਨ 1000 ਪਿਛੇ ਜਨਮ ਲੈਣ ਵਾਲੇ ਜੀਵਤ ਬੱਚਿਆਂ ਦੀ ਸੰਖਿਆ ਨੂੰ ਕੀ ਕਹਿੰਦੇ ਹਨ?**

**ਉੱਤਰ:-** ਜਨਮ ਦਰ

**ਪ੍ਰ09:- 15 ਤੋਂ 64 ਸਾਲ ਦੀ ਵਿਅਕਤੀਆਂ ਦੇ ਉਮਰ ਗੁੱਟ ਨੂੰ ਕੀ ਨਾਂ ਦਿੱਤਾ ਗਿਆ ਹੈ?**

**ਉੱਤਰ:-** ਕਾਮਾ ਵਰਗ

**ਪ੍ਰ10:- ਪੰਜਾਬ ਦਾ ਕਿਹੜਾ ਜ਼ਿਲ੍ਹਾ ਸਾਖਰਤਾ ਦਰ ਵਿੱਚ ਸਭ ਤੋਂ ਅੱਗੇ ਹੈ?**

**ਉੱਤਰ:-** ਹੁਸ਼ਿਆਰਪੁਰ

## - ਅਰਥ ਸ਼ਾਸਤਰ -

## ਜਮਾਤ- ਨੌਵੀਂ

## ਪਾਠ-1:- ਇੱਕ ਪਿੰਡ ਦੀ ਕਹਾਣੀ

**ਪ੍ਰ01:- ਜੋ ਵਸਤੂਆਂ ਅਤੇ ਸੇਵਾਵਾਂ ਸਾਡੀਆਂ ਲੋੜਾਂ ਦੀ ਪੂਰਤੀ ਕਰਦੀਆਂ ਹਨ ਨੂੰ ਕੀ ਕਹਿੰਦੇ ਹਨ?**

**ਉੱਤਰ:-**ਸਾਧਨ।

**ਪ੍ਰ02:- ਮਨੁੱਖ ਵੱਲੋਂ ਸੀਮਤ ਸਾਧਨਾਂ ਨਾਲ ਅਸੀਮਤ ਲੋੜਾਂ ਦੀ ਪੂਰਤੀ ਕਰਨ ਵਾਲੇ ਵਿਵਹਾਰ ਦੇ ਅਧਿਐਨ ਨੂੰ ਕੀ ਕਹਿੰਦੇ ਹਨ?**

**ਉੱਤਰ:-** ਅਰਥ ਸ਼ਾਸਤਰ।

**ਪ੍ਰ03:- ਵਸਤੂਆਂ ਅਤੇ ਸੇਵਾਵਾਂ ਜਿਨ੍ਹਾਂ ਦੀ ਉਪਭੋਗਤਾ ਨੂੰ ਕੀਮਤ ਦੇਣੀ ਪੈਂਦੀ ਹੈ, ਨੂੰ ਕੀ ਕਹਿੰਦੇ ਹਨ?**

**ਉੱਤਰ:-**ਧਨ।

**ਪ੍ਰ04:- ਅਮਰੀਕਾ ਅਤੇ ਕੈਨੇਡਾ ਦੀ ਮੁਦਰਾ ਦਾ ਕੀ ਨਾਂ ਹੈ?**

**ਉੱਤਰ:-** ਡਾਲਰ

**ਪ੍ਰ05:-ਵਸਤੂ ਦੀ ਉਹ ਮਾਤਰਾ ਜਿਸਨੂੰ ਉਪਭੋਗੀ ਇੱਕ ਨਿਸ਼ਚਿਤ ਸਮੇਂ ਤੇ ਹਰ ਸੰਭਵ ਕੀਮਤ ਤੇ ਖਰੀਦਣ ਲਈ ਤਿਆਰ ਹੋ ਜਾਂਦਾ ਹੈ, ਨੂੰ ਕੀ ਕਹਿੰਦੇ ਹਨ?**

**ਉੱਤਰ:-** ਮੰਗ।

**ਪ੍ਰ06:- ਉਪਭੋਗ, ਉਤਪਾਦਨ, ਵਟਾਂਦਰਾ ਅਤੇ ਵੰਡ ਨੂੰ ਕਿਹੜੀਆਂ ਕਿਰਿਆਵਾਂ ਕਹਿੰਦੇ ਹਨ?**

**ਉੱਤਰ:-** ਆਰਥਿਕ ਕਿਰਿਆਵਾਂ।

**ਪ੍ਰ07:- ਉਹ ਕਿਰਿਆਵਾਂ ਜਿਨ੍ਹਾਂ ਦਾ ਉਦੇਸ਼ ਧਨ ਨੂੰ ਪ੍ਰਾਪਤ ਕਰਨਾ ਨਹੀਂ ਹੁੰਦਾ ਨੂੰ ਕੀ ਕਹਿੰਦੇ ਹਨ?**

**ਉੱਤਰ:-** ਅਣਆਰਥਿਕ ਕਿਰਿਆਵਾਂ।

**ਪ੍ਰ08:- ਪੰਜਾਬ ਵਿਚ ਔਸਤ ਖੇਤੀ ਯੋਗ ਰਕਬਾ ਕਿੰਨਾ ਹੈ?**

**ਉੱਤਰ:-** ਤਿੰਨ ਹੈਕਟੇਅਰ

**ਪ੍ਰ09:- ਕਿਹੜੀ ਵਸਤੂ ਦਾ ਅਤੇ ਉਸ ਵਸਤੂ ਦਾ ਕਿੰਨੀ ਮਾਤਰਾ ਵਿੱਚ ਉਤਪਾਦਨ ਕਰਨਾ ਹੈ ਇਸ ਦਾ ਨਿਰਣਾ ਕਰਨ ਵਾਲੇ ਵਿਅਕਤੀ ਨੂੰ ਕੀ ਨਾਂ ਦਿੱਤਾ ਜਾਂਦਾ ਹੈ?**

**ਉੱਤਰ:-** ਉਦਮੀ।

## - ਭੂਗੋਲ -

## ਜਮਾਤ- ਨੌਵੀਂ

## ਪਾਠ-1(ਅ):- ਪੰਜਾਬ ਅਕਾਰ ਅਤੇ ਸਥਿਤੀ

**ਪ੍ਰ01:- ਗਲੋਬ ਤੇ ਪੰਜਾਬ ਦੇ ਵਿਥਕਾਰਾਂ ਦੀ ਸਥਿਤੀ ਲਿਖੋ?**

**ਉੱਤਰ:-** ਉੱਤਰੀ ਗੋਲਅਰਧਵਿੱਚ $29^0.30''$ ਵਿਥਕਾਰਤੋਂ ਲੈ ਕੇ $32^0.32''$ ਵਿਥਕਾਰ ਤੱਕ।

**ਪ੍ਰ02:- ਖੇਤਰਫਲ ਪੱਖੋਂ ਪੰਜਾਬ ਭਾਰਤ ਦੇ 29 ਰਾਜ਼ਾਂ ਵਿੱਚੋਂ ਕਿੰਨਵੇਂ ਨੰਬਰ ਤੇ ਹੈ?**

**ਉੱਤਰ:-** 20ਵੇਂ ਨੰਬਰ ਤੇ।

**ਪ੍ਰ03:- ਫਰੀਦਕੋਟ ਜ਼ਿਲ੍ਹੇ ਦਾ ਨਾਂ ਕਿਹੜੇ ਸੂਫੀ ਸੰਤ ਦੇ ਨਾਂ ਤੇ ਰੱਖਿਆ ਗਿਆ ਹੈ?**

**ਉੱਤਰ:-** ਬਾਬਾ ਫਰੀਦ

**ਪ੍ਰ04:- ਲੁਧਿਆਣਾ ਸ਼ਹਿਰ ਕਿਹੜੇ ਵੰਸ਼ ਦੇ ਸਾਸ਼ਕਾਂ ਨੇ ਵਸਾਇਆ?**

**ਉੱਤਰ:-** ਲੋਧੀ ਵੰਸ਼।

**ਪ੍ਰ05:- ਮੋਹਾਲੀ ਜ਼ਿਲ੍ਹਾ ਕਦੋਂ ਹੋਂਦ ਵਿੱਚ ਆਇਆ?**

**ਉੱਤਰ:-** 2006

**ਪ੍ਰ06:- ਘਨੌਰ, ਰਾਜਪੁਰਾ, ਨਾਭਾ, ਭੁਨਰਹੇੜੀ, ਪਾਤੜਾਂ ਕਿਹੜੇ ਜ਼ਿਲ੍ਹੇ ਦੇ ਵਿਕਾਸ ਖੰਡ ਹਨ?**

**ਉੱਤਰ:-** ਪਟਿਆਲਾ।

**ਪ੍ਰ07:- ਬਸੀ ਪਠਾਣਾ ਕਿਹੜੇ ਜ਼ਿਲ੍ਹੇ ਦੀ ਤਹਿਸੀਲ ਹੈ?**

**ਉੱਤਰ:-** ਫਤਿਹਗੜ੍ਹ ਸਾਹਿਬ।

**ਪ੍ਰ08:- ਚਿੱਟੇ ਸੋਨੇ (ਕਪਾਹ) ਦੀ ਭੂਮੀ ਕਿਹੜੇ ਜ਼ਿਲ੍ਹੇ ਨੂੰ ਕਿਹਾ ਜਾਂਦਾ ਹੈ?**

**ਉੱਤਰ:-** ਮਾਨਸਾ ਨੂੰ।

## - ਅਰਥ ਸ਼ਾਸਤਰ -

## ਜਮਾਤ- ਨੌਵੀਂ

## ਪਾਠ-2:- ਮਨੁੱਖੀ ਸਾਧਨ

**ਪ੍ਰ01:- ਦੇਸ਼ ਦੀ ਜਨਸੰਖਿਆ ਦਾ ਅਕਾਰ, ਇਸਦੀ ਕੁਸ਼ਲਤਾ, ਵਿਦਿਅਕ ਗੁਣਾਂ ਅਤੇ ਉਤਪਾਦਕਤਾ ਦੇ ਜੋੜ ਨੂੰ ਕੀ ਕਹਿੰਦੇ ਹਨ?**

**ਉੱਤਰ:-**ਮਨੁੱਖੀ ਸਾਧਨ।

**ਪ੍ਰ02:- ਡਾਕਟਰ, ਇੰਜੀਨੀਅਰ, ਅਧਿਆਪਕ, ਦਰਜੀ ਆਦਿ ਨੂੰ ਕਿਹੜੀ ਪੂੰਜੀ ਕਹਿੰਦੇ ਹਨ?**

**ਉੱਤਰ:-** ਮਾਨਵੀ ਪੂੰਜੀ/ਮਨੁੱਖੀ ਪੂੰਜੀ।

**ਪ੍ਰ03:- ਜਿਸ ਖੇਤਰ ਵਿੱਚ ਕੁਦਰਤੀ ਸਾਧਨਾਂ ਦੀ ਵਰਤੋਂ ਕਰਕੇ ਉਤਪਾਦਨ ਕੀਤਾ ਜਾਂਦਾ ਹੈ ਜਿਵੇਂ ਖੇਤ ਵਿੱਚ ਫਸਲਾਂ ਦਾ ਉਤਪਾਦਨ ਕਰਨ ਨੂੰ ਕਿਹੜਾ ਖੇਤਰ ਕਹਿੰਦੇ ਹਨ?**

**ਉੱਤਰ:-**ਮੁਢਲਾ ਖੇਤਰ।

**ਪ੍ਰ04:- ਜਿਹੜੀਆਂ ਕਿਰਿਆਵਾਂ ਮੁਢਲੇ ਖੇਤਰ ਦੇ ਉਤਪਾਦ ਨੂੰ ਕੱਚੇ ਮਾਲ ਦੀ ਤਰ੍ਹਾਂ ਪ੍ਰਯੋਗ ਕਰਕੇ ਅੰਤਿਮ ਵਸਤੂਆਂ ਦਾ ਉਤਪਾਦਨ ਕਰਦੀਆਂ ਹਨ, ਨੂੰ ਕਿਹੜਾ ਖੇਤਰ ਕਹਿੰਦੇ ਹਨ?**

**ਉੱਤਰ:-** ਗੌਣ ਖੇਤਰ

**ਪ੍ਰ05:- ਜਿਹੜੀਆਂ ਸੇਵਾਵਾਂ ਮੁਢਲੇ ਅਤੇ ਗੌਣ ਖੇਤਰ ਦੀਆਂ ਕਿਰਿਆਵਾਂ ਦੀ ਸਹਾਇਤਾ ਕਰਦੀਆਂ ਹਨ, ਨੂੰ ਕੀ ਕਹਿੰਦੇ ਹਨ?**

**ਉੱਤਰ:-** ਸੇਵਾ ਖੇਤਰ।

**ਪ੍ਰ06:- ਜਦੋਂ ਮੌਜੂਦਾ ਮਜਦੂਰੀ ਦੀ ਦਰ ਤੇ ਕੰਮ ਕਰਨ ਦੇ ਇਛੁਕ ਲੋਕਾਂ ਨੂੰ ਕੰਮ ਕਰਨ ਲਈ ਨਹੀਂ ਮਿਲਦਾ ਅਜਿਹੀ ਸਥਿਤੀ ਨੂੰ ਕੀ ਕਹਿੰਦੇ ਹਨ?**

**ਉੱਤਰ:-** ਬੇਰੁਜ਼ਗਾਰੀ।

**ਪ੍ਰ07:- SGRY ਦਾ ਪੂਰਾ ਨਾਂ ਲਿਖੋ?**

**ਉੱਤਰ:-** ਸੰਪੂਰਨ ਗ੍ਰਾਮੀਣ ਰੁਜ਼ਗਾਰ ਯੋਜਨਾ।

**ਪ੍ਰ08:- ਭਾਰਤ ਵਿੱਚ ਕੁੱਲ ਜੰਨਸੰਖਿਆ ਦਾ ਕਿੰਨੇ ਪ੍ਰਤੀਸ਼ਤ ਹਿੱਸਾ ਛੁਪੀ ਹੋਈ ਬੇਰੁਜ਼ਗਾਰੀ ਦਾ ਹੈ?**

**ਉੱਤਰ:-** 30%

**ਪ੍ਰ09:- MNERGA ਦਾ ਪੂਰਾ ਨਾਂ ਲਿਖੋ?**

**ਉੱਤਰ:-** ਮਹਾਤਮਾ ਗਾਂਧੀ ਨੈਸ਼ਨਲ ਰੂਰਲ ਡਿਵੈਲਪਮੈਂਟ ਗੁੰਟੀ ਐਕਟ।

## -ਅਰਥ ਸ਼ਾਸਤਰ -

## ਜਮਾਤ- ਨੌਵੀਂ

## ਪਾਠ-4:-ਭਾਰਤ ਵਿੱਚ ਅੰਨ ਸੁਰੱਖਿਆ

**ਪ੍ਰ01:- ਹਰੇਕ ਵਿਅਕਤੀ ਨੂੰ ਅੰਨ ਉਪਲਬਧ ਹੋਵੇ ਉਸਦੀ ਪਹੁੰਚ ਵਿੱਚ ਹੋਵੇ ਅਤੇ ਉਹ ਆਪਣੀ ਲੋੜ ਅਨੁਸਾਰ ਅੰਨ ਨੂੰ ਖਰੀਦਣ ਦੀ ਸਮਰਥਾ ਰੱਖਦਾ ਹੋਵੇ। ਉਸ ਸਥਿਤੀ ਨੂੰ ਕੀ ਕਹਿੰਦੇ ਹਨ?**

**ਉੱਤਰ:-**ਅੰਨ ਸੁਰੱਖਿਆ।

**ਪ੍ਰ02:- ਡਾ. ਅਮਰਤਿਆ ਸੇਨ ਨੇ ਅੰਨ ਦੀ ਸੁੱਰਖਿਆ ਸਬੰਧੀ ਪਹੁੰਚ ਧਾਰਨਾ ਦੀ ਥਾਂ ਤੇ ਕਿਸ ਧਾਰਨਾ ਦੀ ਵਰਤੋਂ ਕੀਤੀ ਹੈ?**

**ਉੱਤਰ:-** ਅੰਨ ਸਬੰਧੀ ਅਧਿਕਾਰ ਧਾਰਨਾ ਦੀ।

**ਪ੍ਰ03:- ਵਿਅਕਤੀ, ਪਰਿਵਾਰ, ਖੇਤਰ,ਰਾਜ,ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਅੰਨ ਸੁੱਰਖਿਆ ਲਈ ਜੋਰ ਕਿਹੜੇ ਵਿਸ਼ਵ ਸੰਮੇਲਨ ਵਿੱਚ ਦਿੱਤਾ ਗਿਆ?**

**ਉੱਤਰ:-**1995 ਵਿਸ਼ਵ ਸੰਮੇਲਨ।

**ਪ੍ਰ04:- 1943 ਵਿੱਚ ਬੰਗਾਲ ਕਿਹੜੀ ਕੁਦਰਤੀ ਆਫਤ ਦਾ ਸ਼ਿਕਾਰ ਹੋਇਆ ?**

**ਉੱਤਰ:-** ਕਾਲ (ਸੋਕਾ)

**ਪ੍ਰ05:-** ਅੰਨ ਅਸੁੱਰਖਿਅਤਾ ਵਾਲੇ ਕਿਸੇ ਇੱਕ ਰਾਜ ਦਾ ਨਾਂ ਲਿਖੋ?

**ਉੱਤਰ:-** ਬਿਹਾਰ।

**ਪ੍ਰ06:- ਬਰਸਾਤ ਦੇ ਮੌਸਮ ਵਿੱਚ ਦਿਹਾੜੀਦਾਰ ਕਾਮਿਆਂ ਨੂੰ ਉਸਾਰੀ ਦਾ ਕੰਮ ਘੱਟ ਮਿਲਦਾ ਹੈ ਨਤੀਜੇ ਵੱਜੋਂ ਇਹ ਵਿਅਕਤੀ ਆਪਣੇ ਅੰਨ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਅਸਮਰਥ ਰਹਿੰਦੇ ਹਨ। ਭੁੱਖਮਰੀ ਦਾ ਇਹ ਕਿਹੜਾ ਪਹਿਲੂ ਹੈ?**

**ਉੱਤਰ:-** ਮੌਸਮੀ।

**ਪ੍ਰ07:- ਅੰਨ ਸੁੱਰਖਿਆ ਪ੍ਰਣਾਲੀ ਦੇ ਕਿਸੇ ਇੱਕ ਭੰਡਾਰ ਦਾ ਨਾਂ ਲਿਖੋ?**

**ਉੱਤਰ:-** ਬਫਰ ਭੰਡਾਰ ਜਾਂ ਜਨਤਕ ਵੰਡ ਪ੍ਰਣਾਲੀ ।

**ਪ੍ਰ08:- MSP** ਦਾ ਪੂਰਾ ਨਾਂ ਲਿਖੋ ?

**ਉੱਤਰ:-** Minimum Support price( ਘੱਟੋ ਘੱਟ ਸਮਰਥਨ ਮੁੱਲ)

**ਪ੍ਰ09:- ਭੋਜਨ ਸਬੰਧੀ ਹੇਠ ਲਿਖੇ ਪ੍ਰੋਗਰਾਮ ਕਦੋਂ ਸ਼ੁਰੂ ਕੀਤੇ ਗਏ?**

1. ਜਨਤਕ ਵੰਡ ਪ੍ਰਣਾਲੀ (PDS)

2. ਇਕੀਕ੍ਰਿਤ ਸ਼ਿਸ਼ੂ ਵਿਕਾਸ ਸੇਵਾ (FcDs)

3. ਕੰਮ ਕਰਨ ਦੇ ਬਦਲੇ ਅਨਾਜ ਦੇਣ ਦੀ ਸਕੀਮ (FFW)।

**ਉੱਤਰ:-**1970 ਦੇ ਮੱਧ ਵਿੱਚ

**ਪ੍ਰ10:- ਪੰਜਾਬ ਵਿੱਚ ਅੰਨ ਭੰਡਾਰਨ ਕਰਨ ਲਈ ਕਿਸੇ ਇੱਕ ਸੰਸਥਾ ਦਾ ਨਾਂ ਲਿਖੋ?**

**ਉੱਤਰ:-** ਮਾਰਕਫੈਡ।

## - ਇਤਿਹਾਸ -

## ਜਮਾਤ- ਨੌਵੀਂ

## ਪਾਠ-1:- ਪੰਜਾਬ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਪ੍ਰਭਾਵ

**ਪ੍ਰ01:- ਵੈਦਿਕ ਕਾਲ ਵਿੱਚ ਪੰਜਾਬ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ?**

**ਉੱਤਰ:-**ਸਪਤ ਸਿੰਧੂ ਭਾਵ ਸੱਤ ਦਰਿਆਵਾਂ ਦੀ ਧਰਤੀ।

**ਪ੍ਰ02:- ਵੈਦਿਕ ਕਾਲ ਵਿੱਚ ਬਿਆਸ ਨਦੀ ਦਾ ਕੀ ਨਾਂ ਸੀ?**

**ਉੱਤਰ:-** ਬਿਪਾਸਾ।

**ਪ੍ਰ03:- ਚੀਨੀ ਯਾਤਰੀ ਹਿਉਨਸਾਂਗ ਨੇ ਪੰਜਾਬ ਨੂੰ ਕੀ ਨਾਂ ਦਿੱਤਾ?**

**ਉੱਤਰ:-** ਸੇਕੀਆ।

**ਪ੍ਰ04:- ਭਾਰਤ ਵੰਡ ਵਿੱਚੋਂ ਭਾਰਤ ਦੇ ਹਿੱਸੇ ਆਏ ਪੰਜਾਬ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ?**

**ਉੱਤਰ:-** ਪੂਰਬੀ ਪੰਜਾਬ

**ਪ੍ਰ05:-ਭਾਰਤ ਦੀ ਵੰਡ ਤੋਂ ਪਹਿਲਾਂ ਪੰਜਾਬ ਦੇ ਕਿੰਨੇ ਜਿਲੇ ਸਨ?**

**ਉੱਤਰ:-**29

**ਪ੍ਰ06:- ਪੰਜਾਬ ਦੇ ਉੱਤਰ ਪੱਛਮ ਵਿੱਚ ਪੈਂਦੀਆਂ ਪਰਬਤ ਲੜੀਆਂ ਦੇ ਨਾਂ ਲਿਖੋ?**

**ਉੱਤਰ:-** ਸੁਲੇਮਾਨ ਅਤੇ ਕਿਰਥਾਰ ਪਰਬਤ ਲੜੀਆਂ

**ਪ੍ਰ07:- ਸ਼ਿਵਾਲਿਕ ਅਤੇ ਕਸੌਲੀ ਦੀਆਂ ਪਹਾੜੀਆਂ ਦੇ ਢਲਾਨੀ ਖੇਤਰ ਨੂੰ ਕੀ ਨਾਂ ਦਿੱਤਾ ਗਿਆ ਹੈ?**

**ਉੱਤਰ:-** ਤਰਾਈ ਜਾਂ ਉਪ-ਪਰਬਤੀ ਖੇਤਰ

**ਪ੍ਰ08:- ਸਿੰਧ ਅਤੇ ਜਿਹਲਮ ਨਦੀ ਦੇ ਵਿਚਕਾਰਲੇ ਇਲਾਕੇ ਨੂੰ ਕੀ ਕਹਿੰਦੇ ਹਨ?**

**ਉੱਤਰ:-** ਸਿੰਧ ਅਤੇ ਦੁਆਬ

**ਪ੍ਰ09:- ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ ਕਿਹੜੇ ਦੁਆਬ ਵਿੱਚ ਪੈਂਦੇ ਹਨ?**

**ਉੱਤਰ:-**ਬਿਸਤ ਦੁਆਬ ਵਿੱਚ।

**ਪ੍ਰ10:- ਸਤਲੁਜ ਅਤੇ ਘੱਗਰ ਨਦੀ ਦੇ ਵਿਚਕਾਰਲੇ ਇਲਾਕੇ ਨੂੰ ਕੀ ਕਹਿੰਦੇ ਹਨ?**

**ਉੱਤਰ:-** ਮਾਲਵਾ।

**ਪ੍ਰ11:- ਘੱਗਰ ਅਤੇ ਯਮੁਨਾ ਨਦੀਆਂ ਦੇ ਵਿਚਕਾਰਲੇ ਇਲਾਕੇ ਨੂੰ ਕੀ ਕਹਿੰਦੇ ਹਨ?**

**ਉੱਤਰ:-** ਬਾਂਗਰ।

**ਪ੍ਰ12:- ਵੈਦਿਕ ਕਾਲ ਦੇ ਪ੍ਰਾਚੀਨ ਗ੍ਰੰਥ ਦਾ ਨਾਂ ਦੱਸੋ ?**

**ਉੱਤਰ:-** ਰਿਗਵੇਦ।

# ਅਰਥ ਸ਼ਾਸਤਰ -

## ਜਮਾਤ- ਨੌਵੀਂ

## ਪਾਠ-3:- ਗਰੀਬੀ ਭਾਰਤ ਦੇ ਸਾਹਮਣੇ ਇੱਕ ਚੁਣੌਤੀ

**ਪ੍ਰ01:- ਆਰਥਿਕ ਸਰਵੇਖਣ 2011-12 ਅਨੁਸਾਰ ਭਾਰਤ ਵਿਚ ਕਿੰਨੇ ਲੋਕ ਗਰੀਬੀ ਵਿੱਚ ਰਹਿੰਦੇ ਹਨ ?**

**ਉੱਤਰ:-**27 ਕਰੋੜ।

**ਪ੍ਰ02:- ਪ੍ਰਤੀ ਵਿਅਕਤੀ ਆਮਦਨ ਅਤੇ ਰਾਸ਼ਟਰੀ ਆਮਦਨ ਕਿਹੜੀ ਗਰੀਬੀ ਦੇ ਮਾਪਦੰਡ ਹਨ?**

**ਉੱਤਰ:-** ਸਪੇਖ ਗਰੀਬੀ ਦਾ।

**ਪ੍ਰ03:- ਜਿੰਦਗੀ ਦੀਆਂ ਬੁਨਿਆਦੀ ਲੋੜਾ ਨੂੰ ਪੂਰਾ ਕਰਨ ਲਈ ਲੋੜੀਂਦੀ ਨਿਊਨਤਮ ਆਮਦਨ ਮਾਪਣ ਦੀ ਵਿਧੀ ਨੂੰ ਕੀ ਕਹਿੰਦੇ ਹਨ?**

**ਉੱਤਰ:-**ਗਰੀਬੀ ਰੇਖਾ।

**ਪ੍ਰ04:- 2011-12 ਦੇ ਅੰਕੜੇ ਅਨੁਸਾਰ ਪਿੰਡਾ ਵਿਚੋਂ ਜਿਹੜਾ ਵਿਅਕਤੀ 816 ਰੁਪਏ ਤੋਂ ਘੱਟ ਖਰਚ ਕਰਦਾ ਹੈ,ਨੂੰ ਕੀ ਮੰਨਿਆ ਜਾਂਦਾ ਹੈ ?**

**ਉੱਤਰ:-** ਗਰੀਬ

**ਪ੍ਰ05:-NSSO ਦਾ ਪੂਰਾ ਨਾਂ ਕੀ ਹੈ ?**

**ਉੱਤਰ:-** ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜੇਸ਼ਨ।

**ਪ੍ਰ06:- ਬਿਹਾਰ ਅਤੇ ਉੜੀਸਾ ਵਿੱਚ ਕਿੰਨੇ ਪ੍ਰਤਿਸਤ ਲੋਕ ਗਰੀਬ ਹਨ?**

**ਉੱਤਰ:-** 32.6%।

**ਪ੍ਰ07:- ਭਾਰਤ ਦੇ ਕਿੰਨੇ ਪ੍ਰਤਿਸ਼ਤ ਲੋਕ ਖੇਤੀਬਾੜੀ ਧੰਦਿਆਂ ਵਿੱਚ ਲੱਗੇ ਹੋਏ ਹਨ?**

**ਉੱਤਰ:-** 70%।

**ਪ੍ਰ08:- ਖੇਤੀਬਾੜੀ ਖੇਤਰ ਰਾਸ਼ਟਰੀ ਆਮਦਨ ਵਿੱਚ ਕਿੰਨੇ ਪ੍ਰਤਿਸ਼ਤ ਯੋਗਦਾਨ ਪਾਉਂਦਾ ਹੈ?**

**ਉੱਤਰ:-** 18%

**ਪ੍ਰ09:-PMRY ਦਾ ਪੂਰਾ ਨਾਂ ਲਿਖੋ?**

**ਉੱਤਰ:-** ਪ੍ਰਧਾਨਮੰਤਰੀ ਰੁਜਗਾਰ ਯੋਜਨਾ।